## 8 ਮੂਡ ਅਤੇ ਸੁਭਾਅ ਵਿਚ ਤਬਦੀਲੀਆਂ

ਹਰੇਕ ਵਿਅਕਤੀ ਸਮੇਂ ਸਮੇਂ 'ਤੇ ਉਦਾਸ ਜਾਂ ਉਚਾਟ ਹੋ ਸਕਦਾ ਹੈ। ਪਰ ਜਿਸ ਨੂੰ ਅਲਜ਼ਾਇਮਰ ਦਾ ਰੋਗ ਹੋਵੇ ਉਸ ਦੇ ਸੁਭਾਅ ਵਿਚ ਜਲਦੀ ਤਬਦੀਲੀ ਆ ਸਕਦੀ ਹੈ। ਜਿਵੇਂ ਕਿ ਸ਼ਾਂਤ ਬੈਠੇ ਹੋਏ ਬਿਨਾਂ ਵਜ੍ਹਾ ਅੱਖਾਂ ਵਿਚ ਅੱਥਰੂ ਆ ਜਾਣੇ ਅਤੇ ਗੁੱਸੇ ਵਿਚ ਆ ਜਾਣਾ।

## 9 ਸ਼ਖਸੀਅਤ ਵਿਚ ਤਬਦੀਲੀਆਂ

ਲੋਕਾਂ ਦੀ ਸ਼ਖਸੀਅਤ ਉਮਰ ਦੇ ਮੁਤਾਬਕ ਬਦਲ ਸਕਦੀ ਹੈ। ਪਰ ਅਲਜ਼ਾਇਮਰ ਦਾ ਰੋਗੀ ਡੌਰ-ਭੌਰ, ਸ਼ੱਕੀ ਜਾਂ ਉਚਾਟ ਹੋ ਸਕਦਾ ਹੈ। ਇਨ੍ਹਾਂ ਤਬਦੀਲੀਆਂ ਵਿਚ ਵਿਰਾਗ, ਡਰ ਜਾਂ ਅਪਣੇ ਸੁਭਾਅ ਦੇ ਉਲਟ ਵਰਤਾਰਾ ਕਰਨਾ ਸ਼ਾਮਲ ਹੋ ਸਕਦੇ ਹਨ।

## 10 ਉੱਦਮ ਕਰਨ ਦੀ ਘਾਟ

ਘਰ, ਬਿਜ਼ਨਸ ਦੇ ਕੰਮਾਂ ਜਾਂ ਸਮਾਜਿਕ ਜ਼ਿੰਮੇਵਾਰੀਆਂ ਕਾਰਨ ਥੱਕ ਜਾਣਾ ਆਮ ਗੱਲ ਹੈ, ਪਰ ਬਹੁਤੇ ਲੋਕ ਫਿਰ ਉੱਦਮੀ ਹੋ ਜਾਂਦੇ ਹਨ। ਪਰ ਅਲਜ਼ਾਇਮਰ ਦਾ ਰੋਗੀ ਬਹੁਤ ਜ਼ਿਆਦਾ ਸੁਸਤ ਹੋ ਸਕਦਾ ਹੈ ਅਤੇ ਉਸ ਨੂੰ ਹਰਕਤ ਵਿਚ ਲਿਆਉਣ ਲਈ ਉਤਸ਼ਾਹਤ ਕਰਨ ਦੀ ਲੋੜ ਪੈ ਸਕਦੀ ਹੈ।

ਅਲਜ਼ਾਇਮਰ ਸੁਸਾਇਟੀ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸਿਹਤ ਸੰਸਥਾ ਹੈ ਜੋ ਕਿ ਅਲਜ਼ਾਇਮਰ ਦੇ ਰੋਗ ਤੋਂ ਪੀੜਤ ਵਿਅਕਤੀਆਂ ਦੀ ਮਦਦ ਨੂੰ ਸਮਰਪਿਤ ਹੈ। ਸੁਸਾਇਟੀ ਕੋਲ ਬੀਮਾਰੀ ਦੇ ਰੋਗੀਆਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਕਈ ਵਸੀਲੇ ਅਤੇ ਸਹਾਇਤਾ ਦੇ ਪ੍ਰੋਗਰਾਮ ਹਨ। ਸੁਸਾਇਟੀ ਇਸ ਬੀਮਾਰੀ ਦੇ ਕਾਰਨਾਂ ਅਤੇ ਇਲਾਜ ਬਾਰੇ ਹੋਣ ਵਾਲੀ ਖੋਜ ਅਤੇ ਸੰਭਾਲ ਦੇ ਬਿਹਤਰ ਤਰੀਕਿਆਂ ਦਾ ਪਤਾ ਲਾਉਣ ਲਈ ਵੀ ਫੰਡ ਦਿੰਦੀ ਹੈ।

*ਹੋਰ ਜਾਣਕਾਰੀ ਲਈ ਆਪਣੇ ਨੇੜੇ ਦੀ ਅਲਜ਼ਾਇਮਰ ਸੁਸਾਇਟੀ ਨਾਲ ਸੰਪਰਕ ਕਰੋ ਜਾਂ www.alzheimerbc.org 'ਤੇ ਸਾਡਾ ਵੈੱਬਸਾਈਟ ਦੇਖੋ।*

**ਅੱਜ ਲਈ ਮਦਦ,** *ਕੱਲ ਲਈ ਆਸ...*

Alzheimer Society
BRITISH COLUMBIA

300-828 West 8th Avenue, Vancouver, B.C. V5Z 1E2
ਫੋਨ: 604-681-6530 1-800-667-3742
ਫੈਕਸ: 604-669-6907
info@alzheimerbc.org www.alzheimerbc.org

*ਚੈਰੀਟੇਬਲ ਰਜਿਸਟਰੇਸ਼ਨ ਨੰਬਰ: 11878 4891 RR0001*



# ਕੀ ਇਹ ਅਲਜ਼ਾਇਮਰ ਰੋਗ ਹੈ?

## ਖਤਰੇ ਦੀਆਂ 10 ਨਿਸ਼ਾਨੀਆਂ

Alzheimer Society
BRITISH COLUMBIA

# ਖਤਰੇ ਦੀਆਂ 10 ਨਿਸ਼ਾਨੀਆਂ

***ਅਲਜ਼ਾਇਮਰ ਹੌਲੀ ਹੌਲੀ ਵਧ ਕੇ ਵਿਗੜਣ ਵਾਲਾ ਰੋਗ ਹੈ। ਇਸ ਦੇ ਲੱਛਣਾਂ ਵਿਚ ਯਾਦਾਸ਼ਤ ਘਟਣਾ, ਰੋਜ਼ਮਰਾ ਦੇ ਕੰਮਾਂ ਵਿਚ ਮੁਸ਼ਕਲ ਅਤੇ ਮੂਡ ਅਤੇ ਸੁਭਾਅ ਵਿਚ ਤਬਦੀਲੀਆਂ ਆਉਣਾ ਸ਼ਾਮਲ ਹੈ। ਲੋਕ ਸ਼ਾਇਦ ਇਹ ਸੋਚਦੇ ਹੋਣ ਕਿ ਇਹ ਵਧ ਰਹੀ ਉਮਰ ਦੀਆਂ ਅਲਾਮਤਾਂ ਹਨ, ਪਰ ਅਜਿਹਾ ਨਹੀਂ ਹੈ। ਜੇਕਰ ਤੁਸੀਂ ਅਜਿਹੇ ਲੱਛਣ ਦੇਖੋ ਤਾਂ ਡਾਕਟਰ ਕੋਲ ਜਾਣਾ ਜ਼ਰੂਰੀ ਹੈ ਕਿਉਂਕਿ ਹੋ ਸਕਦਾ ਹੈ ਕਿ ਇਹ ਕਿਸੇ ਹੋਰ ਕਾਰਨ, ਜਿਵੇਂ ਡਿਪਰੈਸ਼ਨ, ਦਵਾਈ ਦੇ ਅਸਰ ਜਾਂ ਇਨਫੈਕਸ਼ਨ ਕਾਰਨ ਹੋ ਰਿਹਾ ਹੋਵੇ। ਪਰ ਜੇਕਰ ਇਹ ਅਲਜ਼ਾਇਮਰ ਦਾ ਰੋਗ ਨਿਕਲੇ ਤਾਂ ਸਥਾਨਕ ਅਲਜ਼ਾਇਮਰ ਸੁਸਾਇਟੀ ਤੁਹਾਡੀ ਮਦਦ ਕਰ ਸਕਦੀ ਹੈ।***

***ਖਤਰੇ ਦੀਆਂ ਨਿਸ਼ਾਨੀਆਂ ਦੀ ਜਾਣਕਾਰੀ ਦੇਣ ਲਈ ਅਲਜ਼ਾਇਮਰ ਸੁਸਾਇਟੀ ਨੇ ਹੇਠ ਲਿਖੀ ਸੂਚੀ ਤਿਆਰ ਕੀਤੀ ਹੈ:***

## 1 ਯਾਦਾਸ਼ਤ ਦੇ ਘਟ ਜਾਣ ਨਾਲ ਰੋਜ਼ਮਰਾ ਦੇ ਕੰਮਾਂ 'ਤੇ ਅਸਰ ਪੈਣਾ:

ਕਦੇ ਕਦੇ ਆਪਣੀ ਅਪੌਇੰਟਮੈਂਟ, ਆਪਣੇ ਨਾਲ ਕੰਮ ਕਰਦੇ ਵਿਅਕਤੀਆਂ ਦੇ ਨਾਂ ਜਾਂ ਕਿਸੇ ਦੋਸਤ ਦਾ ਫੋਨ ਨੰਬਰ ਭੁੱਲ ਜਾਣਾ ਅਤੇ ਬਾਅਦ ਵਿਚ ਯਾਦ ਆ ਜਾਣਾ ਇਕ ਆਮ ਗੱਲ ਹੈ। ਪਰ ਅਲਜ਼ਾਇਮਰ ਦਾ ਰੋਗੀ ਅਜਿਹੀਆਂ ਗੱਲਾਂ ਨੂੰ ਆਮ ਨਾਲੋਂ ਜ਼ਿਆਦਾ ਭੁੱਲ ਸਕਦਾ ਹੈ ਅਤੇ ਉਸ ਨੂੰ ਬਾਅਦ ਵਿਚ ਉਨ੍ਹਾਂ ਦਾ ਅਕਸਰ ਚੇਤਾ ਨਹੀਂ ਆ ਸਕਦਾ, ਖਾਸ ਕਰਕੇ ਤਾਜ਼ਾ ਵਾਪਰੀਆਂ ਗੱਲਾਂ ਦਾ।

## 2 ਜਾਣੇ-ਪਛਾਣੇ ਕੰਮ ਕਰਨ ਵਿਚ ਮੁਸ਼ਕਲ ਆਉਣਾ:

ਰੁੱਝੇ ਹੋਏ ਵਿਅਕਤੀਆਂ ਦਾ ਧਿਆਨ ਕਈ ਵਾਰ ਆਪਣੇ ਕੰਮ ਤੋਂ ਹਟ ਸਕਦਾ ਹੈ ਜਿਵੇਂ ਕਿ ਚੁੱਲ੍ਹੇ 'ਤੇ ਰੱਖੀਆਂ ਹੋਈਆਂ ਗਾਜਰਾਂ ਬਾਰੇ ਭੁੱਲ ਜਾਣਾ ਅਤੇ ਖਾਣਾ ਖਾਣ ਤੋਂ ਬਾਅਦ ਉਸ ਬਾਰੇ ਯਾਦ ਆਉਣਾ। ਅਲਜ਼ਾਇਮਰ ਦੇ ਰੋਗੀ ਉਹ ਗੱਲਾਂ ਵੀ ਭੁੱਲ ਸਕਦੇ ਹਨ ਜੋ ਉਹ ਸਾਰੀ ਉਮਰ ਕਰਦੇ ਆਏ ਹੁੰਦੇ ਹਨ, ਜਿਵੇਂ ਕਿ ਖਾਣਾ ਤਿਆਰ ਕਰਨਾ।

## 3 ਬੋਲੀ ਦੀਆਂ ਸਮੱਸਿਆਵਾਂ

ਹਰ ਇਕ ਨੂੰ ਕਈ ਵਾਰੀ ਢੁਕਵਾਂ ਸ਼ਬਦ ਲੱਭਣ ਵਿਚ ਮੁਸ਼ਕਲ ਆ ਜਾਂਦੀ ਹੈ, ਪਰ ਅਲਜ਼ਾਇਮਰ ਦਾ ਰੋਗੀ ਕਈ ਵਾਰ ਆਮ ਸ਼ਬਦ ਜਾਂ ਉਨ੍ਹਾਂ ਦੇ ਬਦਲਵੇਂ ਸ਼ਬਦ ਵੀ ਭੁੱਲ ਜਾਂਦਾ ਹੈ ਜਿਸ ਨਾਲ ਉਸ ਦਾ ਵਾਕ ਸਮਝਣਾ ਔਖਾ ਹੋ ਜਾਂਦਾ ਹੈ।

## 4 ਸਮੇਂ ਅਤੇ ਸਥਾਨ ਬਾਰੇ ਭੁਲੇਖਾ ਲੱਗਣਾ

ਹਫਤੇ ਦੇ ਦਿਨ ਬਾਰੇ ਜਾਂ ਆਪਣੀ ਮੰਜ਼ਲ ਬਾਰੇ ਕੁਝ ਪਲਾਂ ਲਈ ਭੁੱਲ ਜਾਣਾ ਆਮ ਗੱਲ ਹੈ। ਪਰ ਅਲਜ਼ਾਇਮਰ ਦਾ ਰੋਗੀ ਆਪਣੀ ਸਟਰੀਟ ਉਪਰ ਹੀ ਗਵਾਚ ਸਕਦਾ ਹੈ ਅਤੇ ਉਸ ਨੂੰ ਪਤਾ ਨਹੀਂ ਲੱਗਦਾ ਕਿ ਉਹ ਉੱਥੇ ਕਿਵੇਂ ਪਹੁੰਚਿਆ ਅਤੇ ਘਰ ਕਿਵੇਂ ਜਾਵੇਗਾ।

## 5 ਨਿਰਣਾ ਲੈਣ ਦੀ ਘਾਟ

ਕਈ ਲੋਕ ਇਨਫੈਕਸ਼ਨ ਹੋਣ ਦੇ ਬਾਵਜੂਦ ਡਾਕਟਰ ਕੋਲ ਜਾਣਾ ਅੱਗੇ ਪਾ ਸਕਦੇ ਹਨ ਪਰ ਬਾਅਦ ਵਿਚ ਉਹ ਡਾਕਟਰ ਕੋਲ ਜ਼ਰੂਰ ਜਾਂਦੇ ਹਨ। ਪਰ ਅਲਜ਼ਾਇਮਰ ਦੇ ਰੋਗੀ ਵਿਚ ਅਜਿਹਾ ਨਿਰਣਾ ਕਰਨ ਦੀ ਘਾਟ ਆ ਸਕਦੀ ਹੈ, ਉਦਾਹਰਣ ਦੇ ਤੌਰ 'ਤੇ ਕਿਸੇ ਸਿਹਤ ਸਮੱਸਿਆ ਨੂੰ ਨਾ ਪਛਾਣਨਾ ਜਿਸ ਦਾ ਇਲਾਜ ਕਰਵਾਉਣ ਦੀ ਲੋੜ ਹੋਵੇ ਜਾਂ ਗਰਮੀ ਵਾਲੇ ਦਿਨ ਮੋਟੇ ਕੱਪੜੇ ਪਾ ਲੈਣੇ।

## 6 ਗੂੜ੍ਹੀ ਸੋਚ ਦੀਆਂ ਸਮੱਸਿਆਵਾਂ

ਕਦੇ ਕਦੇ ਲੋਕਾਂ ਨੂੰ ਚੈੱਕ ਬੁੱਕ ਬੈਲਿੰਸ ਕਰਨ ਵਰਗੇ ਗੂੜ੍ਹੀ ਸੋਚ ਵਾਲੇ ਕੰਮ ਕਰਨ ਵਿਚ ਮੁਸ਼ਕਲ ਆ ਸਕਦੀ ਹੈ। ਅਲਜ਼ਾਇਮਰ ਰੋਗ ਨਾਲ ਅਜਿਹੇ ਕੰਮਾਂ ਵਿਚ ਵਧੇਰੇ ਮੁਸ਼ਕਲ ਆ ਸਕਦੀ ਹੈ, ਉਦਾਹਰਣ ਲਈ ਇਹ ਨਾ ਸਮਝ ਸਕਣਾ ਕਿ ਚੈੱਕ ਬੁੱਕ ਉੱਤੇ ਛਪੇ ਨੰਬਰਾਂ ਦਾ ਕੀ ਮਤਲਬ ਹੈ।

## 7 ਚੀਜ਼ਾਂ ਇਧਰ-ਉਧਰ ਰੱਖ ਬੈਠਣਾ

ਕਦੇ ਕਦੇ ਲੋਕਾਂ ਨੂੰ ਚੈੱਕ ਬੁੱਕ ਬੈਲਿੰਸ ਕਰਨ ਵਰਗੇ ਗੂੜ੍ਹੀ ਸੋਚ ਵਾਲੇ ਕੰਮ ਕਰਨ ਵਿਚ ਮੁਸ਼ਕਲ ਆ ਸਕਦੀ ਹੈ। ਅਲਜ਼ਾਇਮਰ ਰੋਗ ਨਾਲ ਅਜਿਹੇ ਕੰਮਾਂ ਵਿਚ ਵਧੇਰੇ ਮੁਸ਼ਕਲ ਆ ਸਕਦੀ ਹੈ, ਉਦਾਹਰਣ ਲਈ ਇਹ ਨਾ ਸਮਝ ਸਕਣਾ ਕਿ ਚੈੱਕ ਬੁੱਕ ਉੱਤੇ ਛਪੇ ਨੰਬਰਾਂ ਦਾ ਕੀ ਮਤਲਬ ਹੈ।